ਬੇਮੌਸਮੀ ਗਰਮੀ ਨੇ ਗਰਮ ਕੱਪੜੇ ਵੇਚਣ ਵਾਲਿਆਂ ਨੂੰ ਪਾਇਆ ਸੋਚਾਂ ਵਿਚ

*ਦਸੰਬਰ ਦੇ ਦੂਸਰੇ ਹਫ਼ਤੇ ਵੀ ਦਿਨ ਵੇਲੇ ਗਰਮੀ ਕਾਰਨ ਹੌਜਰੀ ਦਾ ਸਾਮਾਨ ਬਣਿਆ ਦੁਕਾਨਾਂ ਦਾ ਸ਼ਿੰਗਾਰ

ਕਾਦੀਆਂ, 8 ਦਸੰਬਰ (ਹਰਦੀਪ ਸਿੰਘ ਸੰਧੂ)-ਪੰਜਾਬ ਅਤੇ ਭਾਰਤ ਮੁਲਕ ਰੁੱਤਾਂ ਦਾ ਦੇਸ਼ ਹੈ, ਇਸ ਪੰਜਾਬ ਦੀ ਧਰਤੀ ਤੇ ਰੁੱਤਾਂ ਦੇ ਅਨੁਸਾਰ ਹੀ ਸਾਡੇ ਕਾਰ-ਵਿਹਾਰ ਕਾਰੋਬਾਰ ਅਤੇ ਖੁਸ਼ੀਆਂ ਖੇੜੇ ਮਨਾਏ ਜਾਂਦੇ ਹਨ, ਪਰ ਇਸ ਸਾਲ ਸਰਦੀ ਦੀ ਰੁੱਤ ਵਿਚ ਵੀ ਬੇਮੌਸਮੀ ਗਰਮੀ ਦੇ ਕਾਰਨ ਇਸ ਵਾਰ ਦਾ ਸਿਆਲ ਇੰਝ ਲਗਦਾ ਜਿਵੇਂ ਆਇਆ ਹੀ ਨਹੀਂ ਹੈ, ਜਿਸ ਦਾ ਖਮਿਆਜਾ ਆਮ ਲੋਕਾਂ ਦੀ ਸਿਹਤ ਤੋਂ ਇਲਾਵਾ ਹੌਜਰੀ ਦਾ ਸਾਮਾਨ ਵੇਚਣ ਵਾਲੇ ਅਤੇ ਗਰਮ ਕੱਪੜੇ ਵੇਚਣ ਵਾਲਿਆਂ ਨੂੰ ਵੀ ਭੁਗਤਣਾ ਪੈ ਰਿਹਾ ਹੈ। ਅੱਜ ਜਦੋਂ ਕਾਦੀਆਂ ਸ਼ਹਿਰ ਦੇ ਵੱਖ-ਵੱਖ ਹੌਜਰੀ ਅਤੇ ਗਰਮ ਕੱਪੜਾ ਵੇਚਣ ਵਾਲਿਆਂ ਨਾਲ ਚਰਚਾ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਉਮੀਦ ਕੀਤੀ ਸੀ ਕਿ ਇਸ ਵਾਰ ਸਰਦੀ ਦੀ ਰੁੱਤ ਵਿਚ ਉਹ ਆਪਣਾ ਵਧੀਆ ਕਾਰੋਬਾਰ ਗਰਮ ਕੱਪੜਿਆਂ ਦੀ ਵਿਕਰੀ ਨਾਲ ਕਰਨਗੇ, ਪਰ ਅਜੇ ਤੱਕ ਗਰਮ ਕੱਪੜੇ ਦਾ ਕੀ, ਗਰਮੀਆਂ ਵਾਲੇ ਕੱਪੜਿਆਂ ਦੀ ਵੀ ਸੇਲ ਹੋਈ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲਾਂ ਵਿਚ ਇਨ੍ਹਾਂ ਦਿਨਾਂ ਦੌਰਾਨ ਉਹ ਗਰਮ ਕੱਪੜੇ ਅਤੇ ਹੌਜਰੀ ਵੇਚ ਕੇ ਸਰਦੀ ਦੇ ਮੌਸਮ ਦੀ ਕਮਾਈ ਕਰ ਲੈਂਦੇ ਸਨ, ਪਰ ਇਸ ਵਾਰ ਇੰਝ ਲਗਦਾ ਹੈ ਕਿ ਸਰਦੀ ਆਈ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਵੇਂ ਪਿਛਲੇ ਸਾਲ ਸਰਦੀ ਦਾ ਮੌਸਮ ਲੰਬਾ ਚੱਲਿਆ ਸੀ, ਪਰ ਇਸ ਵਾਰ ਸਰਦੀ ਦੀ ਸ਼ੁਰੂਆਤ ਹੀ ਨਹੀਂ ਹੋ ਸਕੀ। ਦੁਕਾਨਦਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਲੱਖਾਂ ਦਾ ਸਾਮਾਨ ਖਰੀਦ ਕੇ ਦੁਕਾਨਾਂ ਵਿਚ ਪਾਇਆ ਹੈ, ਇਸ ਦਾ ਸਾਮਾਨ ਦੀ ਖਰੀਦ ਲਈ ਚੁੱਕੇ ਹੋਏ ਪੈਸਿਆਂ ਦਾ ਵਿਆਜ ਅਤੇ ਹੋਰ ਖਰਚੇ ਵੀ ਪੈ ਰਹੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਸਾਮਾਨ ਅਜੇ ਦੁਕਾਨਾਂ ਅਤੇ ਉਹਨਾਂ ਦੇ ਗੁਦਾਮਾਂ ਦਾ ਸ਼ਿੰਗਾਰ ਬਣ ਕੇ ਰਹਿ ਗਿਆ ਹੈ। ਇਸੇ ਤਰ੍ਹਾਂ ਮਨਿਆਰੀ ਵੇਚਣ ਵਾਲਿਆਂ ਨੇ ਕਿਹਾ ਕਿ ਸਰਦੀ ਦੀ ਰੁੱਤ ਵਿੱਚ ਅੰਡਰਗਾਰਮੈਂਟਸ ਦੀ ਕਾਫੀ ਵਿਕਰੀ ਹੋ ਜਾਂਦੀ ਸੀ ਇਸ ਵਾਰ ਉਹਨਾਂ ਨੂੰ ਵੀ ਬੇਮੌਸਮੀ ਗਰਮੀ ਕਾਰਨ ਰੁਜ਼ਗਾਰ ਵਿੱਚ ਵੱਡਾ ਨੁਕਸਾਨ ਉਠਾਉਣਾ ਪੈ ਰਿਹਾ ਹੈ। ਇਸ ਬੇਮੌਸਮੀ ਸਰਦੀ ਨੇ ਇਕੱਲਾ ਦੁਕਾਨਦਾਰਾਂ ਨੂੰ ਹੀ ਨਹੀਂ ਸਗੋਂ ਸਮੁੱਚੇ ਬਾਜ਼ਾਰ ਨੂੰ ਸੋਚਾਂ ਵਿੱਚ ਪਾਇਆ ਹੈ। ਇਸ ਤੋਂ ਇਲਾਵਾ ਕਿਸਾਨਾਂ ਦੀਆਂ ਕਾਸ਼ਤ ਕੀਤੀਆਂ ਹੋਈਆਂ ਫਸਲਾਂ ਤੇ ਵੀ ਮਾੜਾ ਅਸਰ ਪੈ ਰਿਹਾ ਹੈ। ਉਹਨਾਂ ਤੇ ਕਿਸਾਨਾਂ ਦਾ ਕਹਿਣਾ ਹੈ ਕਿ ਜੇਕਰ ਸਰਦੀ ਜ਼ਿਆਦਾ ਪਵੇ ਤਾਂ ਕਣਕ ਦੀ ਫਸਲ ਵੀ ਜ਼ਿਆਦਾ ਫੁੱਟਦੀ ਹੈ ਇਸ ਤੋਂ ਇਲਾਵਾ ਬਾਗਬਾਨੀ ਦਾ ਵੀ ਗਰਮੀ ਕਾਰਨ ਨੁਕਸਾਨ ਹੋ ਰਿਹਾ ਹੈ।

ਕਾਦੀਆਂ ਬਜ਼ਾਰ ਅੰਦਰ ਗਰਮ ਕੱਪੜਿਆਂ ਦੀਆਂ ਖਾਲੀ ਪਈਆਂ ਦੁਕਾਨਾਂ। ਤਸਵੀਰ : ਹਰਦੀਪ ਸਿੰਘ ਸੰਧੂ

ਸਰਪੰਚ ਵਿਸਾਖਾ ਸਿੰਘ ਮੀਰਕਚਾਨਾਂ, ਸੂਬੇਦਾਰ ਸੁਰਿੰਦਰਪਾਲ ਸਿੰਘ ਭੰਡਵਾਂ, ਸਰਪੰਚ ਨਿਸ਼ਾਨ ਸਿੰਘ ਗੁਰਾਇਆ ਖੱਦਰ, ਸਰਪੰਚ ਨਵਜੋਤ ਸਿੰਘ ਰੁਡਿਆਣਾ ਸਰਪੰਚ ਗੁਰਜਿੰਦਰ ਸਿੰਘ ਬਰੀਲ੍ਹਾ ਖੁਰਦ ਅਤੇ ਸਰਪੰਚ ਰਵੇਲ ਸਿੰਘ ਚੰਦੂਵਡਾਲਾ

ਵੱਖ-ਵੱਖ ਪਿੰਡਾਂ ਦੇ ਮੁਹਤਬਰ 'ਆਪ' ਵਰਕਰਾਂ ਵਲੋਂ ਵਿਧਾਇਕ ਬਣੇ ਗੁਰਦੀਪ ਸਿੰਘ ਰੰਧਾਵਾ ਨੂੰ ਵਧਾਈ

ਕਲਾਨੌਰ, 8 ਦਸੰਬਰ (ਪੁਰੇਵਾਲ)-ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਜਿੱਤਣ ਉਪਰੰਤ ਹਲਕਾ ਡੇਰਾ ਬਾਬਾ ਨਾਨਕ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਸ: ਗੁਰਦੀਪ ਸਿੰਘ ਰੰਧਾਵਾ ਦੇ ਵਿਧਾਇਕ ਚੁਣੇ ਜਾਣ ਦਾ ਸਵਾਗਤ ਕਰਦਿਆਂ ਸਰਪੰਚ ਵਿਸਾਖਾ ਸਿੰਘ ਰੰਧਾਵਾ ਮੀਰਕਚਾਨਾਂ, ਸੂਬੇਦਾਰ ਸੁਰਿੰਦਰਪਾਲ ਸਿੰਘ ਭੰਡਵਾਂ, ਸਰਪੰਚ ਨਿਸ਼ਾਨ ਸਿੰਘ ਗੁਰਾਇਆ ਖੱਦਰ, ਸਰਪੰਚ ਨਵਜੋਤ ਸਿੰਘ ਜੋਤ ਰੁਡਿਆਣਾਂ, ਸਰਪੰਚ ਗੁਰਜਿੰਦਰ ਸਿੰਘ ਬਰੀਲ੍ਹਾ ਖੁਰਦ ਅਤੇ ਸਰਪੰਚ ਰਵੇਲ ਸਿੰਘ ਚੰਦੂਵਡਾਲਾ ਨੇ ਸ: ਗੁਰਦੀਪ ਸਿੰਘ ਰੰਧਾਵਾ ਨੂੰ ਵਧਾਈ ਦਿੱਤੀ ਹੈ। ਇਸ ਸਬੰਧੀ ਮੀਰਕਚਾਨਾਂ, ਭੰਡਵਾਂ, ਖੱਦਰ, ਰੁਡਿਆਣਾਂ, ਬਰੀਲ੍ਹਾ ਖੁਰਦ ਤੇ ਚੰਦੂਵਡਾਲਾ ਨੇ ਸ: ਗੁਰਦੀਪ ਸਿੰਘ ਰੰਧਾਵਾ ਤੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ 'ਤੇ ਮੋਹਰ ਲਗਾਉਂਦਿਆਂ ਵਿਸ਼ਵਾਸ਼ ਪ੍ਰਗਟ ਕਰ ਕੇ ਵਿਧਾਨ ਸਭਾ 'ਚ ਭੇਜਣ ਵਾਲੇ ਹਲਕੇ ਦੇ ਵੋਟਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਜਿਸ ਤਰ੍ਹਾਂ ਆਮ ਆਦਮੀ ਪਾਰਟੀ ਵਲੋਂ ਪੰਜਾਬ ਅਤੇ ਦਿੱਲੀ 'ਚ ਲੋਕ ਹਿੱਤ 'ਚ ਮੁਹਿੰਮਾਂ ਆਰੰਭੀਆਂ ਹਨ, ਉਸ ਤੋਂ ਵਿਰੋਧੀ ਪਾਰਟੀਆਂ ਪੂਰੀ ਤਰ੍ਹਾਂ ਬੁਖਲਾਹਟ 'ਚ ਹਨ ਅਤੇ ਰੋਜ਼ਾਨਾ ਹੀ ਅਜਿਹੇ ਹੱਥਕੰਡੇ ਵਰਤੇ ਜਾ ਰਹੇ ਹਨ, ਜਿਸ ਨਾਲ ਆਮ ਆਦਮੀਂ ਪਾਰਟੀ ਕਮਜ਼ੋਰ ਹੋਵੇ। 'ਆਪ' ਆਗੂਆਂ ਕਿਹਾ ਕਿ ਜਿਸ ਪਾਰਟੀ ਨੂੰ ਗਰੀਬ ਇਨਸਾਨਾਂ ਦੀਆਂ ਅਸੀਸਾਂ ਦੁਆਵਾਂ ਦਾ ਆਸਰਾ ਹੋਵੇ, ਉਸ ਨੂੰ ਵਿਰੋਧੀਆਂ ਦੀਆਂ ਚਾਲਾਂ ਦਾ ਕੋਈ ਅਸਰ ਨਹੀਂ ਹੋਵੇਗਾ ਅਤੇ ਆਮ ਆਦਮੀ ਪਾਰਟੀ ਨਿਰੰਤਰ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰ ਰਹੀ ਹੈ। ਆਗੂਆਂ ਕਿਹਾ ਕਿ ਸ: ਗੁਰਦੀਪ ਸਿੰਘ ਰੰਧਾਵਾ ਵਲੋਂ ਹਲਕੇ 'ਚ ਦਿਨ-ਰਾਤ ਮਿਹਨਤ ਕਰ ਕੇ ਪਾਰਟੀ ਮਜ਼ਬੂਤ ਕੀਤੀ ਹੈ, ਜਿਸ ਦੀ ਬਦੌਲਤ ਲੋਕਾਂ ਨੇ ਸ: ਗੁਰਦੀਪ ਸਿੰਘ ਰੰਧਾਵਾ ਨੂੰ ਬਤੌਰ ਵਿਧਾਇਕ ਜ਼ਿੰਮੇਵਾਰੀ ਸੌਂਪੀ ਹੈ ਅਤੇ ਹੁਣ ਸ: ਗੁਰਦੀਪ ਸਿੰਘ ਰੰਧਾਵਾ ਹਲਕੇ 'ਚ ਪਹਿਲਾਂ ਨਾਲੋਂ ਵੱਧ ਮਿਹਨਤ ਕਰ ਕੇ ਹਲਕੇ 'ਚ ਵਿਕਾਸੀ ਕਾਰਜ ਕਰਵਾਉਣਗੇ ਅਤੇ ਵਰਕਰਾਂ ਦਾ ਦਿੱਲ ਜਿੱਤਣਗੇ। 'ਆਪ' ਆਗੂਆਂ ਵਲੋਂ ਸ੍ਰੀ ਅਮਨ ਅਰੋੜਾ ਦੇ ਪੰਜਾਬ ਪ੍ਰਧਾਨ ਤੇ ਸ੍ਰੀ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੇ ਕਾਰਜਕਾਰੀ ਪ੍ਰਧਾਨ ਬਣਨ ਦਾ ਵੀ ਸਵਾਗਤ ਕੀਤਾ।

ਖੇਤੀਬਾੜੀ ਦਫ਼ਤਰ ਧਾਰੀਵਾਲ ਦੇ ਅਧਿਕਾਰੀ ਕਿਸਾਨ ਜਾਗਰੂਕਤਾ ਕੈਂਪ ਦੌਰਾਨ। 'ਅਜੀਤ ਤਸਵੀਰ'

ਵਿਸ਼ਵ ਮਿੱਟੀ ਸਿਹਤ ਦਿਵਸ ਦੌਰਾਨ ਖੇਤੀਬਾੜੀ ਦਫ਼ਤਰ ਧਾਰੀਵਾਲ ਵਲੋਂ ਕਿਸਾਨ ਜਾਗਰੂਕਤਾ ਕੈਂਪ

ਧਾਰੀਵਾਲ, 8 ਦਸੰਬਰ (ਸਵਰਨ ਸਿੰਘ)-ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਡਾ. ਸੁਰਿੰਦਰਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ ਹੇਠ ਬਲਾਕ ਖੇਤੀਬਾੜੀ ਅਫ਼ਸਰ ਧਾਰੀਵਾਲ ਡਾ. ਰਛਪਾਲ ਸਿੰਘ ਦੀ ਅਗਵਾਈ ਵਿਚ ਪਿੰਡ ਗਾਦੜੀਆਂ ਵਿਖੇ ਹਾੜ੍ਹੀ ਦੀਆਂ ਫਸਲਾਂ ਦੀ ਕਾਸ਼ਤ ਸਬੰਧੀ ਤਕਨੀਕੀ ਜਾਣਕਾਰੀ ਦੇਣ ਲਈ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ ਅਤੇ ਵਿਸ਼ਵ ਮਿੱਟੀ ਸਿਹਤ ਦਿਵਸ ਮਨਾਇਆ ਗਿਆ। ਇਸ ਕੈਂਪ ਵਿਚ ਵਿਸ਼ੇਸ਼ ਤੌਰ 'ਤੇ ਦਫਤਰ ਜ਼ਿਲ੍ਹਾ ਸਿਖਲਾਈ ਅਫਸਰ ਗੁਰਦਾਸਪੁਰ ਤੋਂ ਡਾ. ਜਰਮਨਜੀਤ ਸਿੰਘ ਖੇਤੀਬਾੜੀ ਅਫਸਰ, ਡਾ. ਨਰਿੰਦਰ ਕੌਰ ਖੇਤੀਬਾੜੀ ਅਫਸਰ ਟ੍ਰੇਨਿੰਗ, ਡਾ. ਦਿਲਰਾਜ ਸਿੰਘ ਖੇਤੀਬਾੜੀ ਵਿਕਾਸ ਅਫਸਰ ਨੇ ਸ਼ਿਰਕਤ ਕੀਤੀ ਅਤੇ ਕਿਸਾਨਾਂ ਨੂੰ ਹਾੜੀ ਦੀਆਂ ਫਸਲਾਂ ਸਬੰਧੀ ਤਕਨੀਕੀ ਜਾਣਕਾਰੀ ਮੁਹੱਈਆ ਕਰਵਾਈ, ਇਸ ਮੌਕੇ ਡਾ. ਰਛਪਾਲ ਸਿੰਘ ਬੰਡਾਲਾ ਬਲਾਕ ਖੇਤੀਬਾੜੀ ਅਫਸਰ ਧਾਰੀਵਾਲ ਵਲੋਂ ਕਿਸਾਨਾਂ ਨੂੰ ਵਿਸ਼ਵ ਮਿੱਟੀ ਸਿਹਤ ਦਿਵਸ ਦੀ ਮਹੱਤਤਾ ਬਾਰੇ ਦੱਸਿਆ ਗਿਆ ਅਤੇ ਖਾਦਾਂ/ਕੀੜੇਮਾਰ ਦਵਾਈਆਂ ਦੀ ਸੁਚੱਜੀ ਵਰਤੋਂ ਕਰਨ ਸਬੰਧੀ ਅਤੇ ਜ਼ਮੀਨ ਦੀ ਸਿਹਤ ਬਰਕਰਾਰ ਰੱਖਣ ਬਾਬਤ ਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ ਕਿਸਾਨ ਹਿੱਤ ਵਿਚ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਕੈਂਪ ਦੌਰਾਨ ਸ੍ਰੀ ਯਾਦਵਿੰਦਰ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਇਸ ਮੌਕੇ ਅਰਜਿੰਦਰ ਸਿੰਘ ਖੇਤੀਬਾੜੀ ਵਿਸਥਾਰ ਅਫਸਰ, ਗੁਰਮੀਤ ਸਿੰਘ ਸਰਕਲ ਇੰਚਾਰਜ, ਵਿਕਰਮ ਦਿਆਲ ਸਿੰਘ, ਅਕਾਸ਼ਦੀਪ ਸਿੰਘ ਖੇਤਬਾੜੀ ਉਪ ਨਿਰੀਖਕ, ਦਿਲਬਾਗ ਸਿੰਘ ਬੀ ਟੀ ਐਮ, ਸਤਨਾਮ ਸਿੰਘ, ਜੁਗਰਾਜ ਸਿੰਘ, ਪ੍ਰਭਜੋਤ ਸਿੰਘ ਆਦਿ ਹਾਜ਼ਰ ਸਨ।

ਪ੍ਰਭੂ ਯਿਸੂ ਮਸੀਹ ਦੇ ਜਨਮ ਦਿਨ ਨੂੰ ਸਮਰਪਿਤ ਸਾਰੀਆਂ ਮਿਸ਼ਨਾਂ ਵਲੋਂ 20 ਨੂੰ ਕੱਢੀ ਜਾਣ ਵਾਲੀ ਸ਼ੋਭਾ ਯਾਤਰਾ ਹਰ ਪੱਖ ਤੋਂ ਪ੍ਰਭਾਵਸ਼ਾਲੀ ਹੋਵੇਗੀ-ਫਾਦਰ ਜੋਸ਼ ਪਡਿਆਟੀ

ਯਿਸੂ ਰਾਜਾ ਗਿਰਜਾ ਘਰ ਫਤਹਿਨੰਗਲ ਤੋਂ ਕੱਢੀ ਜਾਵੇਗੀ ਕ੍ਰਿਸਮਸ ਸ਼ੋਭਾ ਯਾਤਰਾ

ਧਾਰੀਵਾਲ, 8 ਦਸੰਬਰ (ਜੇਮਸ ਨਾਹਰ)-ਰਾਜਿਆਂ ਦੇ ਰਾਜੇ, ਪ੍ਰਭੂਆਂ ਦੇ ਪ੍ਰਭੂ ਯਿਸੂ ਮਸੀਹ ਜੀ ਦੇ ਜਨਮ ਦਿਨ ਨੂੰ ਸਮਰਪਿਤ ਸਾਰੀਆਂ ਮਿਸ਼ਨਾਂ ਵਲੋਂ ਸਾਂਝੇ ਤੌਰ 'ਤੇ 20 ਦਸੰਬਰ ਨੂੰ ਕੱਢੀ ਜਾਣ ਵਾਲੀ ਸ਼ੋਭਾ ਯਾਤਰਾ ਹਰ ਪੱਖ ਤੋਂ ਪ੍ਰਭਾਵਸ਼ਾਲੀ ਹੋਵੇਗੀ। ਇਸ ਸ਼ੋਭਾ ਯਾਤਰਾ ਵਿਚ ਪਿਛਲੇ ਸਾਲ ਨਾਲੋਂ ਜਿਆਦਾ ਇਸ ਵਾਰ ਸੰਗਤਾਂ ਸ਼ਮੂਲੀਅਤ ਕਰਨਗੀਆਂ ਤੇ ਕ੍ਰਿਸਮਸ ਸ਼ੋਭਾ ਯਾਤਰਾ ਦੀ ਸ਼ਾਨ ਨੂੰ ਵਧਾਉਣਗੀਆਂ ਅਤੇ ਰਲਮਿਲ ਕੇ ਪ੍ਰਭੂ ਯਿਸ਼ੂ ਮਸੀਹ ਦੇ ਜਨਮ ਦਿਨ ਦੀ ਮਹਿਮਾ ਵਿਚ ਮਸੀਹ ਭਜਨਾਂ ਦਾ ਗੁਣਗਾਨ ਕਰਨਗੀਆਂ। ਇਹ ਜਾਣਕਾਰੀ ਸੰਤਨੀ ਤਰੇਜਾ ਕੈਥੋਲਿਕ ਚਰਚ ਧਾਰੀਵਾਲ ਸੋਹਲ ਦੇ ਪੈਰਿਸ਼ ਪਰੀਸਟ ਅਤੇ ਡੀਨ ਰੈਵ: ਫਾਦਰ ਜੋਸ਼ ਪਡਿਆਟੀ ਨੇ ਸਾਂਝੀ ਕਰਦੇ ਹੋਏ ਦੱਸਿਆ ਕਿ ਇਸ ਸ਼ੋਭਾ ਯਾਤਰਾ ਵਿਚ ਰੋਮਨ ਕੈਥੋਲਿਕ, ਸਾਲਵੇਸ਼ਨ ਆਰਮੀ ਚਰਚ, ਪੈਂਤੀਕਾਸਟਲ ਚਰਚ, ਸੀ.ਐਨ.ਆਈ. ਚਰਚ, ਬੀਲੀਵਰਜ਼ ਚਰਚ, ਮੈਥੋਡਿਸਟ ਚਰਚ ਅਤੇ ਹੋਰ ਬਹੁਤ ਸਾਰੀਆਂ ਮਿਸ਼ਨਾਂ ਦੇ ਪਾਦਰੀ ਪਾਸਟਰ ਸਾਹਿਬਾਨਾਂ ਵਲੋਂ ਸ਼ਿਰਕਤ ਕੀਤੀ ਜਾਵੇਗੀ। ਫਾਦਰ ਜੋਸ਼ ਪਡਿਆਟੀ ਨੇ ਕਿਹਾ ਕਿ ਆਪਸੀ ਪਿਆਰ-ਮੁਹੱਬਤ ਦਾ ਸਬੂਤ ਦਿੰਦੀ ਇਹ ਕ੍ਰਿਸਮਸ ਸ਼ੋਭਾ ਯਾਤਰਾ 20 ਦਸੰਬਰ ਨੂੰ ਸਵੇਰੇ 10 ਵਜੇ ਯਿਸੂ ਰਾਜਾ ਗਿਰਜਾ ਘਰ ਫਤਿਹ ਨੰਗਲ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿਚੋਂ ਹੁੰਦੀ ਹੋਈ ਲਿਟਲ ਫਲਾਵਰ ਕਾਨਵੈਂਟ ਸਕੂਲ ਧਾਰੀਵਾਲ ਸੋਹਲ ਵਿਖੇ ਸਮਾਪਤ ਹੋਏਗੀ, ਜਿੱਥੇ ਸਕੂਲੀ ਵਿਦਿਆਰਥੀਆਂ ਅਤੇ ਚਰਚ ਦੀਆਂ ਸੰਗਤਾਂ ਵਲੋਂ ਪ੍ਰਭੂ ਯਿਸ਼ੂ ਮਸੀਹ ਦੀ ਪੈਦਾਇਸ਼ ਨੂੰ ਸਮਰਪਿਤ ਪੇਸ਼ਕਾਰੀਆਂ ਦਿੱਤੀਆਂ ਜਾਣਗੀਆਂ, ਜਿਨ੍ਹਾਂ ਨੂੰ ਖਾਸ ਤੌਰ 'ਤੇ ਸਨਮਾਨਿਤ ਵੀ ਕੀਤਾ ਜਾਵੇਗਾ। ਉਨ੍ਹਾਂ ਨੇ ਸਾਰੀਆਂ ਮਿਸ਼ਨਾਂ ਤੇ ਸੰਗਤਾਂ ਨੂੰ ਖੁੱਲ੍ਹਾ ਸੱਦਾ ਦਿੱਤੇ। ਉਨ੍ਹਾਂ ਕਿਹਾ ਕਿ ਕ੍ਰਿਸਮਸ ਸ਼ੋਭਾ ਯਾਤਰਾ ਸਬੰਧੀ ਸੰਤਨੀ ਤਰੇਜਾ ਕੈਥੋਲਿਕ ਚਰਚ ਧਾਰੀਵਾਲ ਸੋਹਲ ਸਮੇਤ ਸਾਰੀਆਂ ਮਿਸ਼ਨਾਂ ਦੇ ਚਰਚਾਂ ਵਿਚ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।

ਫਾਦਰ ਜੋਸ਼ ਪਡਿਆਟੀ

ਅੰਤਰ ਜ਼ਿਲ੍ਹਾ ਖੇਡਾਂ 'ਚੋਂ ਸਥਾਨ ਪ੍ਰਾਪਤ ਕਰਨ ਵਾਲੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫ਼ਤਹਿ ਸਿੰਘ ਪਬਲਿਕ ਸਕੂਲ ਦੇ ਬੱਚਿਆਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ। ਅਜੀਤ ਤਸਵੀਰ

ਮੁੱਕੇਬਾਜ਼ੀ ਦੇ ਸੂਬਾ ਪੱਧਰੀ ਮੁਕਾਬਲੇ 'ਚੋਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫ਼ਤਹਿ ਸਿੰਘ ਸਕੂਲ ਦੇ ਬੱਚੇ ਮੋਹਰੀ

ਕਲਾਨੌਰ, 8 ਦਸੰਬਰ (ਪੁਰੇਵਾਲ)-ਸਥਾਨਕ ਸਾਹਿਬਜਾਦਾ ਜੋਰਾਵਰ ਸਿੰਘ ਫ਼ਤਿਹ ਸਿੰਘ ਸੀਨੀਅਰ ਸੈਕੰਡਰੀ ਪਬਲਿਕ ਸਕੂਲ 'ਚ ਚੇਅਰਮੈਨ ਸ: ਅਜੀਤ ਸਿੰਘ ਮੱਲ੍ਹੀ, ਸੁਖਜੀਤ ਕੌਰ ਮੱਲ੍ਹੀ, ਅਮਰਿੰਦਰ ਸਿੰਘ ਮੱਲ੍ਹੀ, ਮੈਡਮ ਸੁਪਰੀਤ ਕੌਰ ਮੱਲ੍ਹੀ ਦੀਆਂ ਹਦਾਇਤਾਂ ਅਤੇ ਸਕੂਲ ਪ੍ਰਿੰਸੀਪਲ ਡਾ. ਸ਼ਰਨਪ੍ਰੀਤ ਸਿੰਘ ਕਾਹਲੋਂ ਵਲੋਂ ਬੱਚਿਆਂ ਲਈ ਪੜ੍ਹਾਈ ਦੇ ਨਾਲ ਨਾਲ ਖੇਡਾਂ 'ਚ ਕੀਤੇ ਜਾ ਰਹੇ ਉਪਰਾਲਿਆਂ ਨੂੰ ਬੂਰ ਪੈ ਰਿਹਾ ਹੈ ਅਤੇ ਬੀਤੇ ਦਿਨ ਹੋਏ ਸੂਬਾ ਪੱਧਰੀ ਮੁੱਕੇਬਾਜ਼ੀ ਦੇ ਮੁਕਾਬਲਿਆਂ 'ਚੋਂ ਸਕੂਲ ਦੇ ਬੱਚਿਆਂ ਨੇ ਮੈਡਲ ਜਿੱਤੇ ਹਨ। ਸਕੂਲ ਪ੍ਰਿੰਸੀਪਲ ਡਾ. ਸ਼ਰਨਪ੍ਰੀਤ ਸਿੰਘ ਕਾਹਲੋਂ ਨੇ ਦੱਸਿਆ ਕਿ ਸੰਗਰੂਰ 'ਚ ਹੋਈਆਂ 68ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਖੇਡਾਂ 'ਚ ਸਕੂਲ ਦੇ ਮੁੱਕੇਬਾਜ਼ ਕੋਚ ਵਰਿਆਮ ਸਿੰਘ ਅਤੇ ਹਰਪ੍ਰੀਤ ਕੌਰ ਦੀ ਅਗਵਾਈ 'ਚ ਬੱਚਿਆਂ ਵਲੋਂ ਸ਼ਮੂਲੀਅਤ ਕੀਤੀ ਗਈ ਅਤੇ ਆਪਣਾ ਪ੍ਰਦਰਸ਼ਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ 'ਚ ਸਕੂਲ ਦੀ ਗੀਆਪ੍ਰੀਤ ਕੌਰ ਅਤੇ ਪਲਕਪ੍ਰੀਤ ਕੌਰ ਨੇ ਤੀਸਰਾ ਸਥਾਨ ਕਰ ਕੇ ਜ਼ਿਲ੍ਹਾ ਗੁਰਦਾਸਪਰ ਸਮੇਤ ਕਲਾਨੌਰ ਖੇਤਰ ਦਾ ਨਾਂਅ ਰੌਸ਼ਣ ਕੀਤਾ ਹੈ। ਪ੍ਰਬੰਧਕ ਕਮੇਟੀ ਚੇਅ. ਅਜੀਤ ਸਿੰਘ ਮੱਲ੍ਹੀ ਅਤੇ ਪ੍ਰਿੰ. ਡਾ. ਕਾਹਲੋਂ ਨੇ ਬੱਚਿਆਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਮੁੱਕੇਬਾਜ਼ ਕੋਚ ਹਰਪ੍ਰੀਤ ਕੌਰ ਅਤੇ ਵਰਿਆਮ ਸਿੰਘ ਦਾ ਧੰਨਵਾਦ ਕੀਤਾ ਤੇ ਪ੍ਰੇਰਣਾ ਦਿੱਤੀ ਕਿ ਉਹ ਹਮੇਸ਼ਾ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਦੇ ਰਹਿਣ ਤਾਂ ਜੋ ਪੜ੍ਹਾਈ ਦੇ ਨਾਲ ਨਾਲ ਵਿਦਿਆਰਥੀਆਂ 'ਚ ਖੇਡਾਂ ਪ੍ਰਤੀ ਲਗਾਓ ਬਣਿਆ ਰਹੇ। ਸਕੂਲ ਮੈਨੇਜਮੈਂਟ ਅਤੇ ਚੇਅਰਮੈਨ ਸ: ਅਜੀਤ ਸਿੰਘ ਮੱਲ੍ਹੀ ਵਲੋਂ ਬਾਕਸਿੰਗ ਕੋਚ ਅਤੇ ਸਟੇਟ ਬਾਕਸਿੰਗ ਚੈਂਪੀਅਨਸ਼ਿਪ 'ਚ ਚੁਣੇ ਗਏ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਕੀਤੀ।

ਦਫ਼ਤਰਾਂ 'ਚ ਮਿਲਣਾ ਤਾਂ ਕੀ ਫੋਨ ਸੁਣਨਾ ਵੀ ਮੁਨਾਸਿਬ ਨਹੀਂ ਸਮਝਦੇ ਵਿਭਾਗਾਂ ਦੇ ਉੱਚ ਅਧਿਕਾਰੀ

ਗੁਰਦਾਸਪੁਰ, 8 ਦਸੰਬਰ (ਚੱਕਰਾਜਾ)-ਪੰਜਾਬ ਸਰਕਾਰ ਵਲੋਂ ਭਾਵੇਂ ਸਮੇਂ-ਸਮੇਂ 'ਤੇ ਸਰਕਾਰੀ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਦਫ਼ਤਰਾਂ ਅੰਦਰ ਬੈਠ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਦੇ ਹੁਕਮ ਕੀਤੇ ਜਾਂਦੇ ਰਹੇ ਹਨ। ਪਰ ਹਕੀਕਤ 'ਚ ਸਥਿਤੀ ਇਹ ਹੈ ਕਿ ਕਿਸੇ ਆਮ ਵਿਅਕਤੀ ਨੂੰ ਦਫ਼ਤਰ ਅੰਦਰ ਵਿਭਾਗਾਂ ਦੇ ਉੱਚ ਅਧਿਕਾਰੀ ਵਲੋਂ ਮਿਲਣਾ ਤਾਂ ਇਕ ਪਾਸੇ ਕਿਸੇ ਵਿਅਕਤੀ ਵਲੋਂ ਕੀਤਾ ਫੋਨ ਸੁਣਨਾ ਵੀ ਮੁਨਾਸਿਬ ਨਹੀਂ ਸਮਝਿਆ ਜਾਂਦਾ ਜੋ ਸਰਾਸਰ ਸਰਕਾਰੀ ਹੁਕਮਾਂ ਦੀ ਉਲੰਘਣਾ ਹੈ। ਜੇਕਰ ਗੱਲ ਕਰੀਏ ਖੇਤੀਬਾੜੀ ਵਿਭਾਗ ਅਤੇ ਬਾਗਬਾਨੀ ਵਿਭਾਗ ਦੀ ਤਾਂ ਵਿਭਾਗਾਂ ਵਲੋਂ ਪਿੰਡਾਂ ਅੰਦਰ ਜਾਗਰੂਕਤਾ ਕੈਂਪ ਲਗਾਉਣ ਸਮੇਂ ਤਾਂ ਦਾਅਵੇ ਕੀਤੇ ਜਾਂਦੇ ਹਨ ਕਿ ਕਿਸਾਨ ਕਿਸੇ ਵੀ ਸਮੱਸਿਆ ਜਾਂ ਖੇਤੀਬਾੜੀ ਸਬੰਧੀ ਕਿਸੇ ਜਾਣਕਾਰੀ ਲਈ ਵਿਭਾਗ ਦੇ ਅਧਿਕਾਰੀਆਂ ਨਾਲ ਗੱਲ ਕਰ ਸਕਦੇ ਹਨ। ਪਰ ਹਕੀਕਤ 'ਚ ਇਨ੍ਹਾਂ ਵਿਭਾਗਾਂ ਦੇ ਜ਼ਿਲ੍ਹੇ ਨਾਲ ਸਬੰਧਿਤ ਉੱਚ ਅਧਿਕਾਰੀਆਂ ਵਲੋਂ ਫ਼ੋਨ ਤੱਕ ਨਹੀਂ ਸੁਣੇ ਜਾਂਦੇ ਅਤੇ ਜੇਕਰ ਇਸ ਸਬੰਧੀ ਕਦੇ ਅਧਿਕਾਰੀ ਮਿਲਣ 'ਤੇ ਉਨ੍ਹਾਂ ਨੂੰ ਸ਼ਿਕਾਇਤ ਕੀਤੀ ਜਾਵੇ ਤਾਂ ਇਕੋ ਜਵਾਬ ਹੁੰਦਾ ਹੈ ਕਿ ਉਸ ਦਾ ਫ਼ੋਨ ਨੰਬਰ ਉਨ੍ਹਾਂ ਕੋਲ ਸੇਵ ਨਹੀਂ ਸੀ। ਇਸ ਤਰ੍ਹਾਂ ਜੇਕਰ ਅਧਿਕਾਰੀ ਸਿਰਫ਼ ਆਪਣੀ ਜਾਣ ਪਹਿਚਾਣ ਵਾਲੇ ਜਾਂ ਜਿਨ੍ਹਾਂ ਲੋਕਾਂ ਦੇ ਨੰਬਰ ਉਨ੍ਹਾਂ ਦੇ ਮੋਬਾਈਲ 'ਚ ਸੇਵ ਹਨ, ਉਹ ਫ਼ੋਨ ਹੀ ਉਠਾਉਂਦੇ ਹਨ ਤਾਂ ਆਮ ਵਿਅਕਤੀ ਆਪਣੀ ਸ਼ਿਕਾਇਤ ਲਈ ਕਿੱਥੇ ਜਾਵੇ। ਇਸ ਲਈ ਲੋਕਾਂ ਦੀ ਮੰਗ ਹੈ ਕਿ ਵਿਭਾਗਾਂ ਦੇ ਉੱਚ ਅਧਿਕਾਰੀਆਂ ਨੂੰ ਆਮ ਲੋਕਾਂ ਦੇ ਵੀ ਫ਼ੋਨ ਸੁਣਨ ਦਾ ਪਾਬੰਧ ਬਣਾਇਆ ਜਾਵੇ।

ਸ਼੍ਰੋਮਣੀ ਅਕਾਲੀ ਦਲ ਦੇ ਕਲਾਨੌਰ ਦਫਤਰ ਵਿਖੇ ਪੀ.ਏ. ਤੇਜਬੀਰ ਸਿੰਘ ਦਿਓਲ ਸਾਥੀਆਂ ਸਮੇਤ ਗੱਲਬਾਤ ਕਰਦੇ ਹੋਏ। ਅਜੀਤ ਤਸਵੀਰ

ਅੱਜ ਬਿਜਲੀ ਬੰਦ ਰਹੇਗੀ

ਬਹਿਰਾਮਪੁਰ, 8 ਦਸੰਬਰ (ਪ੍ਰੋ: ਬਲਬੀਰ ਸਿੰਘ ਕੋਲਾ)-ਪੀ.ਐਸ.ਪੀ.ਸੀ.ਐਲ. ਉਪ ਮੰਡਲ ਬਹਿਰਾਮਪੁਰ ਇੰਜੀ: ਰਾਜ ਕੁਮਾਰ ਨੇ ਦੱਸਿਆ ਕਿ ਅੱਜ 9 ਦਸੰਬਰ 2024 ਨੂੰ 66 ਕੇ.ਵੀ. ਸਬ ਸਟੇਸ਼ਨ ਬਾਹਮਣੀ ਦੀ ਜ਼ਰੂਰੀ ਮੁਰੰਮਤ ਕਾਰਨ ਬਿਜਲੀ ਸਪਲਾਈ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਬੰਦ ਰਹੇਗੀ। ਜਿਸ ਨਾਲ 66 ਕੇ.ਵੀ. ਸਬ ਡਵੀਜ਼ਨ ਬਾਹਮਣੀ ਤੋਂ ਚੱਲਦੇ 11 ਕੇ.ਵੀ. ਬਹਿਰਾਮਪੁਰ ਯੂ.ਪੀ.ਐਸ. ਫੀਡਰ, 11 ਕੇ.ਵੀ. ਦਬੁਰਜੀ ਯੂ.ਪੀ.ਐਸ., 11 ਕੇ.ਵੀ. ਅੱਡਾ ਬਹਿਰਾਮਪੁਰ ਯੂ.ਪੀ.ਐਸ., 11 ਕੇ.ਵੀ. ਬਾਹਮਣੀ, 11 ਕੇ.ਵੀ. ਜੋਗਰ ਏ.ਪੀ., 11 ਕੇ.ਵੀ. ਮਰਾੜਾ ਏ.ਪੀ. ਫੀਡਰ ਤੋਂ ਚੱਲਦੇ ਸਾਰੇ ਪਿੰਡਾਂ ਦੀ ਸਪਲਾਈ ਪ੍ਰਭਾਵਿਤ ਰਹੇਗੀ।

ਹਲਕਾ ਡੇਰਾ ਬਾਬਾ ਨਾਨਕ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਵਲੋਂ ਸੁਖਬੀਰ ਸਿੰਘ ਬਾਦਲ 'ਤੇ ਹਮਲੇ ਦੀ ਨਿਖੇਧੀ

ਕਲਾਨੌਰ, 8 ਦਸੰਬਰ (ਪੁਰੇਵਾਲ)-ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਹੁਕਮਾਂ ਤਹਿਤ ਸ੍ਰੀ ਦਰਬਾਰ ਸਾਹਿਬ ਜੀ ਦੀ ਦਰਸ਼ਨ ਡਿਉੜੀ ਵਿਖੇ ਸੇਵਾ ਕਰਨ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸ: ਸੁਖਬੀਰ ਸਿੰਘ ਬਾਦਲ 'ਤੇ ਹੋਏ ਜਾਨਲੇਵਾ ਹਮਲੇ ਦੀ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੇ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਇਸ ਮੌਕੇ ਤੇ ਪੀ.ਏ. ਸ. ਤੇਜਬੀਰ ਸਿੰਘ ਦਿਓਲ ਨੇ ਕਿਹਾ ਕਿ ਸ: ਸੁਖਬੀਰ ਸਿੰਘ ਬਾਦਲ ਸਿੱਖਾਂ ਦੀ ਸਰਵਉੱਚ ਅਦਾਲਤ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਹੁਕਮਾਂ 'ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸਜਾ ਦੌਰਾਨ ਬਤੌਰ ਸੇਵਾਦਾਰ ਸੇਵਾ ਪੂਰੀ ਕਰ ਰਹੇ ਸਨ, 'ਤੇ ਇਸ ਤਰ੍ਹਾਂ ਜਾਨਲੇਵਾ ਹਮਲਾ ਕਿਸੇ ਵੱਡੀ ਸਾਜ਼ਿਸ ਦਾ ਸੰਕੇਤ ਹੈ। ਉਨ੍ਹਾਂ ਕਿਹਾ ਕਿ ਸੇਵਾਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਹੁਕਮਾਂ ਦੀ ਪਾਲਣਾ ਤਹਿਤ ਸੇਵਾ ਕਰ ਰਿਹਾ ਸੀ 'ਤੇ ਇਹ ਹਮਲਾ ਸ੍ਰੀ ਅਕਾਲ ਤਖਤ ਸਾਹਿਬ ਜੀ 'ਤੇ ਹੈ। ਪੀ.ਏ. ਦਿਓਲ ਨੇ ਕਿਹਾ ਕਿ ਹਮਲਾਵਰ ਵਲੋਂ ਸ੍ਰੀ ਦਰਬਾਰ ਸਾਹਿਬ ਸਮੂਹ 'ਚ ਇਸ ਤਰ੍ਹਾਂ ਦੀ ਘਟਨਾਂ ਨੂੰ ਅੰਜਾਮ ਦੇਣਾਂ ਵੱਡੇ ਸਵਾਲਾਂ ਨੂੰ ਜਨਮ ਦੇ ਰਿਹਾ ਹੈ ਅਤੇ ਸੂਬੇ 'ਚ ਅਮਨ-ਕਾਨੂੰਨ ਦੀ ਬਹਾਲੀ ਤਹਿਤ ਪੰਜਾਬ ਸਰਕਾਰ ਨੂੰ ਤੁਰੰਤ ਦਖਲ ਲੈ ਕੇ ਮਾਮਲੇ ਦੀ ਤਹਿ ਤੱਕ ਜਾਣ ਲਈ ਯੋਗ ਪੈਰਵਾਈ ਅਮਲ 'ਚ ਲਿਆਉਣੀ ਚਾਹੀਦੀ ਹੈ, ਕਿਉਂਕਿ ਇਸ ਵਾਰਦਾਤ ਨਾਲ ਸਿੱਖਾਂ ਅਕਸ਼ ਨੂੰ ਢਾਹ ਲੱਗੀ ਹੈ। ਉਨ੍ਹਾਂ ਕਿਹਾ ਕਿ ਹਮਲਾਵਰ ਖਿਲਾਫ ਸਖਤ ਕਾਰਵਾਈ ਅਮਲ 'ਚ ਲਿਆਂਦੀ ਜਾਵੇ ਤਾਂ ਜੋ ਭਵਿੱਖ 'ਚ ਕੋਈ ਇਸ ਤਰ੍ਹਾਂ ਦੀ ਘਟਨਾ ਨੂੰ ਅੰਜਾਮ ਨਾ ਦੇ ਸਕੇ। ਇਸ ਮੌਕੇ 'ਤੇ ਗੁਰਜਿੰਦਰ ਸਿੰਘ ਅਠਵਾਲ, ਅਸ਼ੋਕ ਕੁਮਾਰ ਮਾਹਲਾ, ਨਿਰਮਲ ਸਿੰਘ ਬਰੀਲ੍ਹਾ, ਬਲਵਿੰਦਰ ਸਿੰਘ ਮਾਨੇਪੁਰ, ਗੁਰਚਰਨ ਸਿੰਘ, ਜਥੇ. ਟਹਿਲ ਸਿੰਘ, ਜਗਦੀਪ ਸਿੰਘ, ਬਲਵਿੰਦਰ ਸਿੰਘ ਲੋਪਾ, ਮੁਖਵਿੰਦਰ ਸਿੰਘ ਲੋਪਾ, ਸੁਖਵਿੰਦਰ ਸਿੰਘ ਪਕੀਵਾਂ, ਜਤਿੰਦਰ ਸਿੰਘ ਪੁਰੇਵਾਲ, ਜਰਨੈਲ ਸਿੰਘ ਕਲਾਨੌਰ ਵਲੋਂ ਵੀ ਸ: ਬਾਦਲ 'ਤੇ ਹਮਲੇ ਦੀ ਨਿਖੇਧੀ ਕੀਤੀ ਹੈ।

ਮਿੱਟੀ ਨਾਲ ਬਣ ਰਹੇ ਪੁਲ ਦੇ ਵਿਰੋਧ 'ਚ ਸਮੁੱਚੇ ਪਿੰਡ ਵਲੋਂ ਰੋਸ ਪ੍ਰਦਰਸ਼ਨ ਦੇ ਬਾਵਜੂਦ ਸੁਣਵਾਈ ਨਾ ਹੋਣ ਕਰ ਕੇ ਗੁੱਸੇ ਦੀ ਲਹਿਰ

ਧਿਆਨਪੁਰ, 8 ਨਵੰਬਰ (ਕੁਲਦੀਪ ਸਿੰਘ ਸੋਨੂੰ)-ਬਾਬਾ ਬਕਾਲਾ ਤੋਂ ਡੇਰਾ ਬਾਬਾ ਨਾਨਕ ਰੋਡ 'ਤੇ ਬਣ ਰਹੇ 3 ਡੀ ਮਾਰਗ 'ਤੇ ਪਿੰਡ ਰਾਏਚੱਕ ਵਿਚ ਪੁਲ ਨਾ ਬਨਣ ਕਰ ਕੇ ਗੁੱਸੇ ਦੀ ਲਹਿਰ ਫ਼ੈਲ ਗਈ। ਇਸ ਸਬੰਧੀ ਸਰਪੰਚ ਬਲਬੀਰ ਸਿੰਘ ਰਾਏਚੱਕ ਨੇ ਦੱਸਿਆ ਕਿ ਪਿੰਡ ਵਾਸੀਆਂ ਵਲੋਂ ਆਪਣੀ ਗੱਲ ਦੱਸਣ ਵਾਸਤੇ ਕਈ ਵਾਰੀ ਧਰਨਾ ਦੇਣ ਦੇ ਬਾਵਜੂਦ ਸਕੂਲ, ਗੁਰਦੁਆਰਾ ਸਾਹਿਬ ਤੇ ਪਿੰਡ ਦੇ ਪਾਣੀ ਦੇ ਨਿਕਾਸ ਦਾ ਕੋਈ ਹੱਲ ਨਹੀਂ ਹੋਇਆ, ਹੁਣ ਇਸ ਦਾ ਹੱਲ ਕਰਨ ਲਈ ਮੁਹਤਬਰ ਬੰਦਿਆਂ ਨੇ ਸਰਪੰਚ ਬਲਬੀਰ ਸਿੰਘ ਰਾਏਚੱਕ ਦੀ ਡੀ.ਐੱਮ.ਸੀ. ਮਹਿੰਦਰ ਸਿੰਘ ਨਾਲ ਗੱਲਬਾਤ ਕਰਵਾਈ। ਉਨ੍ਹਾਂ ਨੇ ਪਿੰਡ ਦੇ ਇਸ ਗੰਭੀਰ ਮਸਲੇ ਨੂੰ ਆਪਣੇ ਅਫ਼ਸਰ ਸਰਬਜੀਤ ਸਿੰਘ ਦੀ ਡਿਊਟੀ ਲਾ ਕੇ ਪਿੰਡ ਵਾਸੀਆਂ ਨਾਲ ਮਿਲ ਕੇ ਹੱਲ ਕਰਨ ਦਾ ਵਿਸ਼ਵਾਸ ਦਿਵਾਇਆ। ਰੋਸ ਮੁਜਾਹਰੇ ਵਿਚ ਆਏ ਲੋਕਾਂ ਨੇ ਕਿਹਾ ਕਿ ਉਨ੍ਹਾਂ ਵਲੋਂ ਪਹਿਲਾਂ ਵੀ ਕਾਫ਼ੀ ਵਾਰ ਡੀ.ਐੱਮ.ਸੀ. ਸਮੇਤ ਉਚ-ਅਧਿਕਾਰੀਆਂ ਦੇ ਧਿਆਨ ਵਿਚ ਗੁਰਦੁਆਰਾ ਸਾਹਿਬ, ਸਕੂਲ ਅਤੇ ਪਿੰਡ ਦੇ ਬਹੁਤ ਵੱਡੇ ਹਿੱਸੇ ਦਾ ਨੁਕਸਾਨ ਹੋਣ ਬਾਰੇ ਬਹੁਤ ਵਾਰੀ ਸੂਚਿਤ ਕੀਤਾ ਜਾ ਚੁੱਕਾ ਹੈ, ਪਰ ਸੁਣਾਈ ਨਾ ਹੋਣ ਕਰ ਕੇ ਰੋਸ ਪ੍ਰਦਰਸ਼ਨ ਕਰਨ ਦੀ ਲੋੜ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਡੀ.ਐੱਮ.ਸੀ. ਵਲੋਂ ਲਗਾਏ ਨਿਗਰਾਨ ਅਫ਼ਸਰ ਸਰਬਜੀਤ ਸਿੰਘ ਨੇ ਸਾਡੇ ਨਾਲ ਧੱਕੇਸ਼ਾਹੀ ਕਰਨੀ ਜਾਰੀ ਰੱਖੀ ਤਾਂ ਵੱਡੇ ਪੱਧਰ 'ਤੇ ਧਰਨੇ ਅਤੇ ਰੋਹ ਪ੍ਰਦਰਸ਼ਨ ਕੀਤੇ ਜਾਣਗੇ। ਇਨ੍ਹਾਂ ਰੋਸ ਪ੍ਰਦਰਸ਼ਨ ਦੀ ਹਰਜਿੰਦਰ ਸਿੰਘ ਦੀ ਅਗਵਾਈ 'ਚ ਬਣਾਈ ਕਮੇਟੀ ਵਿਚ ਗ੍ਰੰਥੀ ਬਾਬਾ ਗੁਰਨਾਮ ਸਿੰਘ, ਸਰਪੰਚ ਬਲਬੀਰ ਸਿੰਘ, ਸਰਪੰਚ ਗੁਰਬਾਜ ਸਿੰਘ, ਨੰਬਰਦਾਰ ਅਮਰਜੀਤ ਸਿੰਘ, ਨੰਬਰਦਾਰ ਬਲਵਿੰਦਰ ਸਿੰਘ, ਸਾਬਕਾ ਸਰਪੰਚ ਗੁਰਦੀਪ ਸਿੰਘ, ਸਾ. ਸਰਪੰਚ ਧਰਮਿੰਦਰ ਸਿੰਘ ਬੱਬਾ, ਪਰਮਜੀਤ ਸਿੰਘ, ਪ੍ਰਧਾਨ ਗੁਰਦੁਆਰਾ ਕਮੇਟੀ, ਜਸਪਾਲ ਸਿੰਘ ਬਾਜਵਾ, ਕੁਲਦੀਪ ਸਿੰਘ, ਤੀਰਥ ਸਿੰਘ, ਬਲਜੀਤ ਸਿੰਘ ਮੈਂਬਰ, ਜਸਪਾਲ ਸਿੰਘ ਜੇ.ਈ., ਦਿਲਬਾਗ ਸਿੰਘ, ਦੀਦਾਰ ਸਿੰਘ, ਹਰਵੰਤ ਸਿੰਘ, ਹਰਭੇਜ ਸਿੰਘ, ਰਛਪਾਲ ਸਿੰਘ, ਮਾਸਟਰ ਕਰਮਜੀਤ ਸਿੰਘ, ਐਕਰ ਮਸੀਹ, ਅਲੀ ਮਸੀਹ, ਰੂੜ ਸਿੰਘ, ਬਲਕਾਰ ਸਿੰਘ, ਜਸਵੰਤ ਸਿੰਘ, ਧੀਰ ਸਿੰਘ, ਭਜਨ ਸਿੰਘ, ਮਹਿੰਦਰ ਸਿੰਘ, ਜਗਤਾਰ ਸਿੰਘ, ਕ੍ਰਿਸਤ ਮਸੀਹ, ਸੁਖਵਿੰਦਰ ਸਿੰਘ, ਗੁਰਸਾਭ ਸਿੰਘ ਸਾਭਾ, ਗੁਰਭੇਜ ਸਿੰਘ, ਮੈਂਬਰ ਭਜਨ ਸਿੰਘ, ਇਕਬਾਲ ਸਿੰਘ, ਗੁਰਤਾਜ ਸਿੰਘ ਸਿੱਧੂ ਆਦਿ ਹਾਜ਼ਰ ਸਨ।

ਰੋਸ ਪ੍ਰਦਰਸ਼ਨ ਸਮੇਂ ਜਥੇ. ਬਲਬੀਰ ਸਿੰਘ ਦੀ ਅਗਵਾਈ ਵਿਚ ਗੱਲਬਾਤ ਦੌਰਾਨ ਪਿੰਡ ਵਾਸੀ। ਤਸਵੀਰ : ਕੁਲਦੀਪ ਸਿੰਘ ਸੋਨੂੰ

ਪਿੰਡ ਡੇਰਾ ਪਠਾਣਾਂ ਦੇ ਸ਼ਹੀਦ ਕੰਸ ਰਾਜ ਹਾਈ ਸਕੂਲ ਦੀ ਨਜ਼ਦੀਕ ਕੰਧ ਲਾਗੋਂ ਟੁੱਟੀ ਸੜਕ ਤੋਂ ਲੰਘ ਰਿਹਾ ਮਿੱਟੀ ਵਾਲਾ ਟਿੱਪਰ। ਤਸਵੀਰ : ਕੁਲਦੀਪ ਸਿੰਘ ਸੋਨੂੰ

ਸਰਕਾਰੀ ਸਕੂਲ ਅਤੇ ਅਕੈਡਮੀ ਦੇ ਮੋੜ ਤੋਂ ਲੰਘਦੇ ਮਿੱਟੀ ਵਾਲੇ ਟਿੱਪਰਾਂ ਕਾਰਨ ਟੁੱਟੀ ਸੜਕ ਕਰ ਕੇ ਲੋਕਾਂ 'ਚ ਗੁੱਸੇ ਦੀ ਲਹਿਰ

ਧਿਆਨਪੁਰ, 8 ਨਵੰਬਰ (ਕੁਲਦੀਪ ਸਿੰਘ ਸੋਨੂੰ)-ਹਲਕਾ ਡੇਰਾ ਬਾਬਾ ਨਾਨਕ ਦੇ ਬਹੁਤ ਹੀ ਚਰਚਿਤ ਪਿੰਡ ਡੇਰਾ ਪਠਾਣਾ ਤੋਂ ਗਾਜੀਨੰਗਲ ਵਾਲੀ ਸੜਕ ਰਾਹੀਂ ਬਾਬਾ ਬਕਾਲਾ ਤੋਂ ਡੇਰਾ ਬਾਬਾ ਨਾਨਕ ਰੋਡ 'ਤੇ ਬਣ ਰਹੀ ਸੜਕ 'ਤੇ ਮਿੱਟੀ ਪਵਾਉਣ ਲਈ ਮਿੱਟੀ ਵਾਲੇ ਟਿੱਪਰ ਲੰਘਦੇ ਹਨ, ਜਿਸ ਕਰ ਕੇ ਸ਼ਹੀਦ ਕੰਸ਼ ਰਾਜ ਸਰਕਾਰੀ ਹਾਈ ਸਕੂਲ ਡੇਰਾ ਪਠਾਣਾਂ ਦੀ ਕੰਧ ਲਾਗੋ ਭਾਰੀ ਟਿੱਪਰਾਂ ਦੇ ਲੰਘਣ ਕਰ ਕੇ ਵੱਡੇ-ਵੱਡੇ ਟੋਏ ਪੈ ਗਏ ਹਨ, ਜਿਸ ਕਰ ਕੇ ਸਕੂਲ ਦੀ ਕੰਧ ਲਾਗੇ ਪਾਣੀ ਖੜਾ ਹੋ ਜਾਂਦਾ ਹੈ ਅਤੇ ਕੰਧ ਦੇ ਡਿੱਗਣ ਦਾ ਵੀ ਖਤਰਾ ਬਣ ਗਿਆ ਹੈ। ਇਸ ਸਬੰਧੀ ਸਰਪੰਚ ਮਲਕੀਤ ਸਿੰਘ ਡੇਰਾ ਪਠਾਣਾਂ, ਤੇਜਬੀਰ ਸਿੰਘ ਡੇਰਾ ਪਠਾਣਾਂ, ਜਥੇਦਾਰ ਗੁਰਪ੍ਰੀਤ ਸਿੰਘ ਡੇਰਾ ਪਠਾਣਾਂ, ਸੈਕਟਰੀ ਦਲੀਪ ਸਿੰਘ ਡੇਰਾ ਪਠਾਣਾਂ, ਅਜਾਇਬ ਸਿੰਘ ਡੇਅਰੀ ਫਾਰਮ ਵਾਲੇ, ਡਾਕਟਰ ਚੈਂਚਲ ਸਿੰਘ ਡੇਰਾ ਪਠਾਣਾਂ, ਅਵਤਾਰ ਸਿੰਘ ਮੁੰਨਾਵਾਲਾ ਅਤੇ ਹਰਬੰਸ ਸਿੰਘ ਬਿਜਲੀ ਬੋਰਡ ਮੁਲਾਜ਼ਮ ਨੇ ਦੱਸਿਆ ਕਿ ਸੰਤ ਬਾਬਾ ਹਜ਼ਾਰਾ ਸਿੰਘ ਡੇਰਾ ਅਕੈਡਮੀ ਡੇਰਾ ਪਠਾਣਾਂ ਅਤੇ ਸ਼ਹੀਦ ਕੰਸਰਾਜ ਸਰਕਾਰੀ ਹਾਈ ਸਕੂਲ ਡੇਰਾ ਪਠਾਣਾਂ ਦੇ ਲਾਗਿਓ ਸੜਕ ਜ਼ਿਆਦਾ ਟੁੱਟਣ ਕਰ ਕੇ ਸਕੂਲ ਤੇ ਅਕੈਡਮੀ ਜਾਣ ਵਾਲੇ ਵਿਦਿਆਰਥੀਆਂ ਤੋਂ ਇਲਾਵਾ ਆਉਣ-ਜਾਣ ਵਾਲੇ ਰਾਹਗੀਰਾਂ, ਸਾਈਕਲ, ਮੋਟਰਸਾਈਕਲ ਸਵਾਰਾਂ ਅਤੇ ਗੱਡੀਆਂ ਨੂੰ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਲਿੰਕ ਸੜਕ ਦਾ ਮੰਦਾ ਹਾਲ ਦੇਖ ਕੇ ਪਿੰਡ ਵਾਸੀਆਂ ਸਮੇਤ ਇਲਾਕੇ ਦੀ ਲੋਕਾਂ ਵਿਚ ਬਹੁਤ ਵੱਡਾ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਤੋਂ ਮੰਗ ਕੀਤੀ ਹੈ ਕਿ ਡੇਰਾ ਬਾਬਾ ਨਾਨਕ ਤੋਂ ਬਾਬਾ ਬਕਾਲਾ ਤੱਕ ਬਣ ਰਹੀ 3 ਡੀ ਰੋਡ ਦੇ ਠੇਕੇਦਾਰਾਂ 'ਤੇ ਦਬਾਅ ਪਾ ਕੇ ਟਿੱਪਰਾਂ ਵਲੋਂ ਤੋੜੀ ਹੋਈ ਸੜਕ ਦਾ ਨਿਰਮਾਣ ਕਰਵਾ ਕੇ ਲੋਕਾਂ ਨੂੰ ਰਾਹਤ ਦਿੱਤੀ ਜਾਵੇ।

ਆਵਰ ਲੇਡੀ ਆਫ਼ ਲੂਰਦਸ ਕਾਨਵੈਂਟ ਸਕੂਲ ਵਿਖੇ ਕਰਵਾਏ ਖੇਡ ਦਿਵਸ ਮੌਕੇ ਬੱਚਿਆਂ ਦੀ ਟੀਮ ਸਮੇਤ ਪ੍ਰਿੰਸੀਪਲ ਸਿਸਟਰ ਜੋਤੀ। ਅਜੀਤ ਤਸਵੀਰ

ਆਵਰ ਲੇਡੀ ਆਫ਼ ਲੂਰਦਸ ਕਾਨਵੈਂਟ ਸਕੂਲ ਵਿਖੇ ਖੇਡ ਦਿਵਸ ਮਨਾਇਆ

ਗੁਰਦਾਸਪੁਰ, 8 ਦਸੰਬਰ (ਜਸਵਿੰਦਰ ਕੌਰ)-ਆਵਰ ਲੇਡੀ ਆਫ਼ ਲੂਰਦਸ ਕਾਨਵੈਂਟ ਹਾਈ ਸਕੂਲ ਵਿਖੇ ਸਾਲਾਨਾ ਖੇਡ ਦਿਵਸ ਮਨਾਇਆ ਗਿਆ। ਇਸ ਮੌਕੇ ਫਾਦਰ ਸੁਰੇਸ਼ ਕੰਦੂਲਾ ਪੈਰਿਸ ਪ੍ਰੀਸ਼ਟ ਸਰਾਵਾਂ ਤੇ ਸਿਧਵਾਂ ਜਮੀਤਾਂ ਚਰਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ, ਜਿਨ੍ਹਾਂ ਦਾ ਸਕੂਲ ਦੇ ਡਾਇਰੈਕਟਰ ਫਾਦਰ ਜੌਨ ਜਾਰਜ ਤੇ ਪ੍ਰਿੰਸੀਪਲ ਸਿਸਟਰ ਜੋਤੀ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਸਕੂਲ ਦੇ ਬੱਚਿਆਂ ਵਲੋਂ ਆਏ ਮਹਿਮਾਨਾਂ ਦਾ ਬੈਂਡ ਨਾਲ ਸਵਾਗਤ ਕੀਤਾ ਗਿਆ। ਉਪਰੰਤ ਫਾਦਰ ਜੌਨ ਜਾਰਜ ਵਲੋਂ ਸਕੂਲ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ ਗਿਆ। ਇਸ ਮੌਕੇ ਬੱਚਿਆਂ ਦੇ ਅੰਤਰ ਹਾਊਸ ਵੱਖ ਵੱਖ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਬੱਚਿਆਂ ਨੂੰ ਮਹਿਮਾਨਾਂ ਵਲੋਂ ਇਨਾਮ ਵੰਡੇ ਗਏ। ਸਟੇਜ ਸਕੱਤਰ ਦੀ ਭੂਮਿਕਾ ਮੈਡਮ ਸਨਾ ਨੇ ਬਾਖ਼ੂਬੀ ਨਿਭਾਈ। ਮੁੱਖ ਮਹਿਮਾਨ ਫਾਦਰ ਸੁਰੇਸ਼ ਕੰਦੂਲਾ ਨੇ ਬੱਚਿਆਂ ਵਲੋਂ ਪੇਸ਼ ਕੀਤੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਬੱਚਿਆਂ ਲਈ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੀ ਬੇਹੱਦ ਜ਼ਰੂਰੀ ਹਨ, ਇਸ ਲਈ ਬੱਚਿਆਂ ਨੂੰ ਖੇਡਾਂ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਇਸ ਮੌਕੇ ਮੈਡਮ ਬਲਵੀਰ ਕੌਰ, ਰਮਿੰਦਰਜੀਤ ਕੌਰ, ਕਿਰਨਜੀਤ ਕੌਰ ਤੇ ਬਲਵਿੰਦਰ ਮਸੀਹ ਆਦਿ ਹਾਜ਼ਰ ਸਨ।

ਲਾਰੈਂਸ ਇੰਟਰਨੈਸ਼ਨਲ ਸਕੂਲ ਡੱਲਾ ਵਿਖੇ ਸ਼ਹੀਦੀ ਦਿਹਾੜੇ ਮੌਕੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਪ੍ਰਿੰਸੀਪਲ ਤੇ ਵਿਦਿਆਰਥੀ। ਤਸਵੀਰ : ਗੁਰਪ੍ਰਤਾਪ ਸਿੰਘ ਕਾਹਲੋਂ

ਲਾਰੈਂਸ ਸਕੂਲ ਵਿਚ ਮਨਾਇਆ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ

ਵਡਾਲਾ ਗ੍ਰੰਥੀਆਂ, 8 ਦਸੰਬਰ (ਗੁਰਪ੍ਰਤਾਪ ਸਿੰਘ ਕਾਹਲੋਂ)-ਲਾਰੈਂਸ ਇੰਟਰਨੈਸ਼ਨਲ ਸਕੂਲ ਡੱਲਾ ਵਿਚ 9ਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ। ਸਮਾਗਮ ਵਿਚ ਅੱਠਵੀਂ ਜਮਾਤ ਦੀ ਅਨਮੋਲਪ੍ਰੀਤ ਕੌਰ ਅਤੇ ਸੱਤਵੀਂ ਜਮਾਤ ਦੀ ਸੁਖਮਨਪ੍ਰੀਤ ਕੌਰ ਨੇ ਆਪਣੇ ਭਾਸ਼ਣਾਂ ਰਾਹੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਧਾਰਮਿਕਤਾ 'ਤੇ ਚਾਨਣਾ ਪਾਇਆ। ਸਕੂਲ ਦੇ ਪ੍ਰਿੰਸੀਪਲ ਡਾ. ਰਮਨ ਕੁਮਾਰ ਨੇ ਵੀ ਵਿਦਿਆਰਥੀਆਂ ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਯਾਦ ਰੱਖਣ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਚੇਅਰਮੈਨ ਸੁਖਜਿੰਦਰ ਸਿੰਘ ਮੱਲਿਆਂਵਾਲ ਨੇ ਬੱਚਿਆਂ ਨੂੰ ਸੰਦੇਸ਼ ਦਿੰਦੇ ਹੋਏ ਕਿਹਾ ਕਿ ਦੁਨੀਆਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸੂਰਜ, ਚੰਦ ਅਤੇ ਤਾਰਿਆਂ ਨਾਲੋਂ ਵੀ ਉੱਚੀ ਮੰਨਦੀ ਹੈ ਅਤੇ ਜਦੋਂ ਤੱਕ ਦੁਨੀਆਂ ਹੈ, ਦੁਨੀਆਂ ਗੁਰੂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਟ ਕਰਦੀ ਰਹੇਗੀ।

ਸੁਸਾਇਟੀ ਨੇ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਬੂਟ ਵੰਡੇ

ਗੁਰਦਾਸਪੁਰ, 8 ਦਸੰਬਰ (ਅਸ਼ੋਕ ਸ਼ਰਮਾ)-ਆਦਰਸ਼ ਸੋਸ਼ਲ ਵੈੱਲਫੇਅਰ ਐਂਡ ਐਜੂਕੇਸ਼ਨਲ ਸੁਸਾਇਟੀ ਵਲੋਂ ਚੌਧਰੀ ਰਾਮ ਸਿੰਘ ਦੱਤ ਸਰਕਾਰੀ ਹਾਈ ਸਕੂਲ ਸਾਹੋਵਾਲ ਵਿਖੇ ਜ਼ਰੂਰਤਮੰਦਾਂ ਬੱਚਿਆਂ ਨੂੰ ਬੂਟ ਵੰਡੇ ਗਏ। ਇਸ ਮੌਕੇ ਸਕੂਲ ਦੇ ਇੰਚਾਰਜ ਮਨੋਜ ਕੁਮਾਰ ਨੇ ਦੱਸਿਆ ਕਿ ਬੱਚਿਆਂ ਤੇ ਸਮੂਹ ਅਧਿਆਪਕਾਂ ਵਲੋਂ ਸੁਸਾਇਟੀ ਦੇ ਹੋਏ ਮੈਂਬਰਾਂ ਦਾ ਸਵਾਗਤ ਕੀਤਾ। ਸੁਸਾਇਟੀ ਦੇ ਕੋਆਰਡੀਨੇਟਰ ਇੰਦਰਜੀਤ ਕੌਰ ਨੇ ਸੁਸਾਇਟੀ ਦੇ ਕੰਮਾਂ ਬਾਰੇ ਦੱਸਿਆ ਕਿ ਸੁਸਾਇਟੀ ਵਲੋਂ ਸਿਲਾਈ ਸੈਂਟਰ, ਕੰਪਿਊਟਰ ਸੈਂਟਰ, ਲੜਕੀਆਂ ਦੇ ਵਿਆਹ 'ਚ ਸਹਾਇਤਾ, ਨਸ਼ਿਆਂ ਦੀ ਰੋਕਥਾਮ ਲਈ ਕੈਂਪ, ਦਿਵਿਆਂਗ ਵਿਅਕਤੀਆਂ ਨੂੰ ਵੀਲ੍ਹ ਚੇਅਰ ਤੇ ਜ਼ਰੂਰਤਮੰਦਾਂ ਦੀ ਮਦਦ ਆਦਿ ਕੀਤੀ ਜਾਂਦੀ ਹੈ। ਪ੍ਰਧਾਨ ਸਤਨਾਮ ਸਿੰਘ ਨੇ ਕਿਹਾ ਕਿ ਸੁਸਾਇਟੀ ਹਮੇਸ਼ਾ ਲੋਕ ਭਲਾਈ ਦੇ ਕੰਮ ਕਰਦੀ ਆ ਰਹੀ ਹੈ ਤੇ ਕਰਦੀ ਰਹੇਗੀ। ਸੁਸਾਇਟੀ ਵਲੋਂ ਚੱਲ ਰਹੇ ਆਦਰਸ਼ ਬਿਰਧ ਆਸ਼ਰਮ ਝਾਖੋ ਲਾਹੜੀ ਬਾਰੇ ਵੀ ਚਾਨਣਾ ਪਾਇਆ। ਇਸ ਮੌਕੇ ਸੁਸਾਇਟੀ ਦੇ ਚੇਅਰਪਰਸਨ ਗੀਨਾ ਸ਼ਰਮਾ, ਅਰਸ਼ਦੀਪ ਸਿੰਘ, ਅਧਿਆਪਕ ਅਨਿਲ ਕੁਮਾਰ, ਮੈਡਮ ਬਿੰਦੂ, ਮੈਡਮ ਸੁਮਨ, ਰਜੇਸ਼ ਪਠਾਨੀਆ, ਵਿਕਰਮ ਠਾਕੁਰ, ਅਨਿਲ ਕੁਮਾਰ, ਗੁਰਪ੍ਰੀਤ ਸਿੰਘ ਡੀ. ਪੀ., ਸੋਨੀਆ ਬਾਬੁਲ, ਊਸ਼ਾ ਪਾਠਾ, ਮਨਪ੍ਰੀਤ ਕੌਰ, ਸੁਮਨ ਬਾਲਾ, ਬਲਜੀਤ ਕੌਰ, ਬਬੀਤਾ ਤੇ ਰਵਿੰਦਰ ਕੌਰ ਆਦਿ ਹਾਜ਼ਰ ਸਨ।

ਮੀਟਿੰਗ ਦੌਰਾਨ ਹਾਜ਼ਰ ਨੰਬਰਦਾਰ ਯੂਨੀਅਨ ਦੇ ਆਗੂ। ਤਸਵੀਰ: ਵਿਸ਼ਾਲ ਮੁੰਨਾ

ਨੰਬਰਦਾਰ ਯੂਨੀਅਨ ਦੀ ਮੀਟਿੰਗ

ਗੁਰਦਾਸਪੁਰ, 8 ਦਸੰਬਰ (ਗੁਰਪ੍ਰੀਤ ਸਿੰਘ ਡਾਲਾ)-ਨੰਬਰਦਾਰ ਯੂਨੀਅਨ ਦੀ ਮੀਟਿੰਗ ਗੁਰਦਾਸਪੁਰ ਪੁਰਾਣੀ ਤਹਿਸੀਲ ਵਿਖੇ ਸਥਿਤ ਨੰਬਰਦਾਰ ਹਾਲ ਵਿਖੇ ਮੀਤ ਪ੍ਰਧਾਨ ਪੰਜਾਬ ਤਰਸੇਮ ਸਿੰਘ ਕੱਤੋਵਾਲ ਅਤੇ ਬਲਰਾਜ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। 'ਅਜੀਤ' ਨਾਲ ਗੱਲਬਾਤ ਦੌਰਾਨ ਵੱਖ-ਵੱਖ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਬਾਕੀ ਸੂਬਿਆਂ ਦੀ ਤਰਜ਼ 'ਤੇ 5500 ਰੁਪਏ ਮਾਣਭੱਤੇ ਦਿੱਤੇ ਜਾਣ, ਪਿੰਡਾਂ ਦੀਆਂ ਪੰਚਾਇਤਾਂ 'ਚ ਨੁਮਾਇੰਦਗੀ ਦਿੱਤੀ ਜਾਵੇ, ਟੋਲ ਪਲਾਜ਼ਿਆਂ ਤੋਂ ਵਿਸ਼ੇਸ਼ ਛੋਟ ਦਿੱਤੀ ਜਾਵੇ ਅਤੇ ਡਿਪਟੀ ਕਮਿਸ਼ਨਰ ਨਾਲ ਛਿਮਾਹੀ ਮੀਟਿੰਗ ਕਰਨ ਸਮੇਤ ਵਿਸ਼ੇਸ਼ ਤੌਰ 'ਤੇ ਨੰਬਰਦਾਰੀ ਨੂੰ ਪਿਤਾ ਪੁਰਖੀ ਕਰਨਾ ਸ਼ਾਮਿਲ ਹੈ। ਇਸ ਮੌਕੇ ਤਰਸੇਮ ਸਿੰਘ ਕੱਤੋਵਾਲ ਮੀਤ ਪ੍ਰਧਾਨ ਪੰਜਾਬ (ਨੰਬਰਦਾਰ ਯੂਨੀਅਨ ਰਜਿ:), ਰਘੁਨਾਥ ਸਿੰਘ ਵਾਈਸ ਜ਼ਿਲ੍ਹਾ ਪ੍ਰਧਾਨ, ਦਰਸ਼ਨ ਲਾਲ ਤਹਿਸੀਲ ਪ੍ਰਧਾਨ, ਯਸ਼ਪਾਲ ਸ਼ਰਮਾ ਕੈਸ਼ੀਅਰ ਅਤੇ ਅਜੀਤ ਲਾਲ ਕਲਿਆਨਪੁਰ ਸ਼ਾਮਿਲ ਸਨ।